# ਐਬਟਸਫੋਰਡ ਕੌਮੀ ਵਿਰਾਸਤ ਗੁਰੂ ਘਰ ਦਾ ਸ਼ਾਨਦਾਰ ਉਦਘਾਟਨ ਸਮਾਰੋਹ

ਪਹਿਲੀ ਅਪ੍ਰੈਲ ਦਾ ਦਿਵਸ ਉਂਝ ਤਾਂ ਵਿਸ਼ਵ ਵਿਚ ਵੱਖਰੀ ਤਰ੍ਹਾਂ (ਅਪ੍ਰੈਲ ਫੂਲ) ਕਰਕੇ ਮਸ਼ਹੂਰ ਅਤੇ ਮਹੱਤਵ ਰੱਖਦਾ ਹੈ ਪਰ ਸਿੱਖ ਜਗਤ ਲਈ ਇਹ ਦਿਨ ਮਹਾਨ ਮਾਣ ਮੱਤਾ ਬਣ ਕੇ ਚੜ੍ਹਿਆ ਜਦੋਂ ਵਿਸ਼ਵ ਭਰ



ਵਿਚੋਂ ਐਬਟਸਫੋਰਡ ਦੇ ਪੁਰਾਣੇ ਗੁਰੂ ਘਰ ਨੂੰ ਕੈਨੇਡਾ ਦੇਸ਼ ਦੀ ਕੌਮੀ ਵਿਰਾਸਤ (ਨੈਸ਼ਨਲ ਹੈਰੀਟੇਜ) ਦੇ ਤੌਰ 'ਤੇ ਪਹਿਲੀ ਵਾਰ ਸਮੂਹ ਜਗਤ ਦੇ ਦਰਸ਼ਨਾਂ ਲਈ ਸਮਰਪਿਤ ਕਰਨ ਦੀ ਉਦਘਾਟਨੀ ਰਸਮ ਬੀ.ਸੀ. ਦੇ ਮੁੱਖ ਮੰਤਰੀ ਗੋਰਡਨ ਕੈਂਬਲ ਨੇ ਫੀਤਾ ਕਟ ਕੇ ਅਦਾ ਕੀਤੀ। ਮੁੱਖ ਮੰਤਰੀ ਕੈਂਬਲ ਨੇ ਕੈਨੇਡਾ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਰਾਜਸੀ ਵਿਕਾਸ ਵਿਚ ਪ੍ਰਵਾਸੀਆਂ ਖਾਸਕਰ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਵੀ ਕੀਤੀ ਅਤੇ ਸਿੱਖ ਗੁਰੂ ਘਰ ਹੈਰੀਟੇਜ਼ ਨੂੰ 25 ਹਜ਼ਾਰ ਡਾਲਰ ਦੀ ਰਾਜ ਸਰਕਾਰ ਵੱਲੋਂ ਗਰਾਂਟ ਦਾ ਚੈਕ ਵੀ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਸੁਖਦਰਸ਼ਨ ਸਿੰਘ ਸੰਧੂ ਨੂੰ ਭੇਟ ਕੀਤਾ।

ਸਵੇਰੇ ਖਾਲਸਾ ਦੀਵਾਨ ਸੋਸਾਇਟੀ ਗੁਰੂ ਘਰ ਵਿਖੇ ਆਖੰਡਪਾਠ ਦੇ ਭੋਗ ਉਪਰੰਤ ਇਕ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਨਗਰ ਕੀਰਤਨ ਜਿਸਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਲਕੀ ਵਿਚ ਪ੍ਰਕਾਸ਼ਮਾਨ ਕਰਕੇ ਕੌਮੀ ਵਿਰਾਸਤ ਗੁਰੂ ਘਰ ਪਹੁੰਚਿਆ। ਜਿੱਥੇ ਰੈਨੋਵੇਟ ਕੀਤੀ ਗੁਰੂ ਘਰ ਦੀ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੀ ਸਥਾਪਤੀ ਕੀਤੀ ਗਈ।





ਇਸ ਸਮੇਂ ਅਰਦਾਸ ਉਪਰੰਤ ਹੁਕਮਨਾਮਾ ਲਿਆ ਗਿਆ। ਭਾਰੀ ਗਿਣਤੀ ਵਿਚ ਹਾਜ਼ਰ ਸੰਗਤਾਂ ਵਿਚ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਅਤੇ ਪ੍ਰਬੰਧਕੀ ਮੈਂਬਰਾਂ ਤੋਂ ਇਲਾਵਾ ਕਲਗੀਧਰ ਦਰਬਾਰ ਸਾਹਿਬ ਗੁਰੂ ਘਰ ਐਬਟਸਫੋਰਡ ਦੀ





ਕਮੇਟੀ ਦੇ ਪ੍ਰਧਾਨ ਸ: ਸਵਰਨ ਸਿੰਘ ਗਿੱਲ, ਸਕੱਤਰ ਬਲਬੀਰ ਸਿੰਘ ਸਗੂ ਸਮੇਤ ਪ੍ਰਬੰਧਕੀ ਕਮੇਟੀ ਦੇ ਮੈਂਬਰ ਹਾਜ਼ਰ ਸਨ। ਇਹ ਭਾਈਚਾਰੇ ਵਾਸਤੇ ਏਕਤਾ ਅਤੇ ਇਕਮੁੱਠਤਾ ਦੀ ਸੰਕੇਤਕ ਮਿਸਾਲ ਸੀ। ਜਦੋਂ 31 ਜੁਲਾਈ 2002 ਨੂੰ ਵੇਲੇ ਦੇ ਪ੍ਰਧਾਨ ਮੰਤਰੀ ਜਾਅਨ ਕ੍ਰੀਚੀਅਨ ਨੇ ਇਸੇ ਗੁਰੂ ਘਰ ਆਪ ਆ ਕੇ ਇਸਨੂੰ ਕੈਨੇਡਾ ਦੀ ਕੌਮੀ ਵਿਰਾਸਤ ਹੋਣ ਦਾ ਰੁਤਬਾ ਪ੍ਰਦਾਨ ਕਰਨ ਦਾ ਐਲਾਨ ਕੀਤਾ ਸੀ। ਉਸ ਸਮੇਂ ਸਿੱਖ ਭਾਈਚਾਰੇ ਵਿਚ ਅੱਜ ਵਰਗੀ ਸਦ-ਭਾਵਨਾ ਅਤੇ ਪ੍ਰਸਪਰ ਪਿਆਰ ਸਤਿਕਾਰ ਵਾਲੇ ਸੰਪਰਕ ਅਤੇ ਸਬੰਧ ਨਹੀਂ ਸਨ। ਇਸ ਲਈ ਸਮੂਹ ਸਿੱਖ ਭਾਈਚਾਰਾ ਬੇਹੱਦ ਜੋਸ਼ ਖਰੋਸ਼ ਅਤੇ ਖੁਸ਼ੀ ਦੇ ਆਲਮ ਵਿਚ ਵਿਚਰ ਰਿਹਾ ਸੀ।





ਗੁਰੂ ਘਰ ਦੀ ਬਿਲਡਿੰਗ ਦੇ ਬਾਹਰ ਵਾਰ ਪਾਰਕਿੰਗ ਲਾਟ ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਹੋਇਆ ਜਿਸ ਵਿੱਚ ਕੇਂਦਰੀ ਸਰਕਾਰ ਵਲੋਂ ਹੈਰੀਟੇਜ ਬਾਰੇ ਪਾਰਲੀਮੈਂਟਰੀ ਸਕੱਤਰ ਜਿਮ ਐਬਟ, ਸਾਬਕਾ ਹੈਰੀਟੇਜ਼ ਮੰਤਰੀ ਸ਼ੀਲਾ ਕਾਪਸ ਤੋਂ ਇਲਾਵਾ, ਰਾਜ ਦੀ ਮੰਤਰੀ ਪ੍ਰੀਸ਼ਦ ਦੇ ਬਹੁਤ ਸਾਰੇ ਮੈਂਬਰ, ਮਾਈਕ ਡੀ-ਜੌਂਗ, ਜਾਹਨਵਾਨ ਡਾਂਗਨ, ਟਰਾਂਸਪੋਰਟ ਮੰਤਰੀ ਕੈਵਿਨ ਫਾਲਨ, ਦੇਵ ਹੇਅਰ, ਮੇਰੀ ਪੋਲਿਕ, ਮੋਅ ਸਹੋਤਾ, ਰਾਜ ਚੌਹਾਨ, ਜਗਰੂਪ ਬਰਾੜ, ਹੈਰੀ ਬੈਂਸ, ਐਨ.ਡੀ.ਪੀ. ਦੇ ਪੂਰੇ ਪੰਜ ਐਮ.ਐਲ.ਏਜ਼ ਵੀ ਵਧਾਈਆਂ ਦੇਣ ਪਹੁੰਚੇ ਹੋਏ ਸਨ।

ਰਾਜ ਦੇ ਗੁਰੂ ਘਰਾਂ ਦੀਆਂ ਪ੍ਰਬੰਧਕੀ ਕਮੇਟੀਆਂ ਦੇ ਪ੍ਰਧਾਨਾਂ ਨੇ ਗੁਰੂ ਘਰ ਹੈਰੀਟੇਜ਼ ਦੀ ਸਹਾਇਤਾ ਹਿਤ ਵਧਾਈਆਂ ਦੇ ਨਾਲ-ਨਾਲ ਚੈਕ ਵੀ ਭੇਟ ਕੀਤੇ। ਗੱਲ ਕੀ ਸਥਾਨਿਕ ਸਰਕਾਰ, ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਵਲੋਂ ਵਧਾਈ ਸੰਦੇਸ਼ ਪੜ੍ਹੇ ਗਏ। ਐਬਟਸਫੋਰਡ ਦੇ ਮੇਅਰ ਜਾਰਜ ਫਰਗੂਸ਼ਨ ਤੇ ਮੋਅ ਗਿੱਲ ਤੋਂ ਇਲਾਵਾ ਟੋਰੀ ਪਾਰਟੀ ਦੇ ਐਮ.ਪੀ. ਮਾਰਕ ਵਾਰਵਾ, ਰੈਂਡੀ ਕੈਂਪ, ਐਡ ਫਾਸਟ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਦਾ ਵਧਾਈ ਸੰਦੇਸ਼ ਪੜ੍ਹਿਆ, ਸ੍ਰੀਮਤੀ ਪੈਨੀ ਪ੍ਰਿਡੀ, ਵੈਨਕੋਵਰ 'ਚ ਭਾਰਤੀ ਕੌਂਸਲੇਟ ਅਸ਼ੋਕ ਕੁਮਾਰ ਦੇ ਨਾਂ ਵਰਨਣਯੋਗ ਹਨ।

ਇਸ ਸ਼ੁਭ ਸਮੇਂ ਪੰਜਾਬ ਦੇ ਮਹਾਨ ਚਿੱਤਰਕਾਰ ਜਰਨੈਲ ਸਿੰਘ ਦੀ ਕਲਾਕ੍ਰਿਤਾਂ ਦੀ ਇਕ ਸ਼ਾਨਦਾਰ ਨੁਮਾਇਸ਼ ਵੀ ਬਿਲਡਿੰਗ ਦੀ ਹੇਠਲੀ

Continued on page 97









*ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਦੀਆਂ ਇਤਿਹਾਸਕ ਨਿਸ਼ਾਨੀਆਂ, ਚੋਲਾ, ਦਸਤਾਰ, ਝਾਵਾਂ ਅਤੇ ਮਾਤਾ ਦਮੋਦਰੀ ਜੀ ਦਾ ਸ਼ਾਲ ਜੋ ਸ: ਸਰੈਣ ਸਿੰਘ ਸੰਘਾ ਭਾਈ ਕੀ ਡਰੌਲੀ ਤੋਂ ਲੈ ਕੇ ਆਏ।*

**Cont'd from page 96**

ਇਮਾਰਤ ਵਿੱਚ ਲਗਾਈ ਗਈ ਸੀ।

ਹੈਰੀਟੇਜ਼ ਗੁਰੂ ਘਰ ਦੀ ਸੁੰਦਰ ਇਮਾਰਤ ਦੇ ਵਿਹੜੇ ਵਿਖੇ

ਕੀਤੇ ਗਏ ਹਨ। ਯਾਦ ਰਹੇ ਕਿ ਇਹ ਬੁੱਤ ਕਿਸੇ ਸਮੇਂ ਵੈਨਕੋਵਰ ਦੇ ਗੁਰੂ ਘਰ ਵਿਖੇ ਸਸ਼ੋਭਿਤ ਸਨ ਪਰ ਪ੍ਰਬੰਧਕੀ ਕਮੇਟੀ ਦੇ ਬਦਲਣ ਨਾਲ ਇਨ੍ਹਾਂ ਨੂੰ ਉਥੋਂ ਹਟਾ ਦਿੱਤਾ ਗਿਆ ਸੀ। ਸੋ ਹੁਣ ਇਹਨਾਂ ਨੂੰ ਸਹੀ ਥਾਂ 'ਤੇ ਪਹੁੰਚਾ

ਪ੍ਰਬੰਧਕਾਂ ਵਲੋਂ ਪ੍ਰਾਈਮੀਅਰ ਅਤੇ ਹੈਰੀਟੇਜ਼ ਪਾਰਲੀਮੈਂਟਰੀ ਸਕੱਤਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਮੁੱਖ ਮੰਤਰੀ ਵਲੋਂ ਸਕੱਲਪਟਰ (ਬੁਤ ਘਾੜੇ) ਪ੍ਰਮਿੰਦਰ ਸਿੰਘ ਰਾਏਕੋਟ, ਗੁਰਦਰਸ਼ਨ ਸਿੰਘ ਸੰਧੂ ਪ੍ਰਧਾਨ ਖਾਲਸਾ ਦੀਵਾਨ ਸੁਸਾਇਟੀ